LIFE INSURANCE

iA ਪਾਰਟਿਸਿਪੇਟਿੰਗ ਜੀਵਨ ਬੀਮਾ (iA PAR)

# iA PAR ਵੈਲਥ, ਤੁਹਾਡੀ ਦੌਲਤ ਦੇ ਵਾਧੇ ਨੂੰ ਗਤੀ ਦੇਣ ਲਈ

iA PARWealth ਦੀ ਚੋਣ ਕਰਨਾ ਉਨ੍ਹਾਂ ਅਮੀਰ ਵਿਅਕਤੀਆਂ ਲਈ ਇੱਕ ਸਿਆਣਾ ਵਿਕਲਪ ਹੈ ਜੋ ਆਪਣੀਆਂ ਬੀਮੇ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨਾ ਚਾਹੁੰਦੇ ਹਨ, ਟੈਕਸ-ਲਾਭਦਾਇਕ ਸੰਪਤੀ ਵਿਭਿੰਨਤਾ ਦਾ ਆਨੰਦ ਲੈਣਾ ਚਾਹੁੰਦੇ ਹਨ ਅਤੇ ਆਪਣੀ ਜਾਇਦਾਦ ਦੀ ਰੱਖਿਆ ਕਰਦੇ ਹੋਏ ਥੋੜ੍ਹੇ ਸਮੇਂ ਦੀ ਪਾਲਿਸੀ ਦੇ ਉੱਚ ਨਕਦ ਮੁੱਲਾਂ ਤੋਂ ਲਾਭ ਲੈਣਾ ਚਾਹੁੰਦੇ ਹਨ।



## ਲਿਆਨ ਨੂੰ ਮਿਲੋ

ਉਹ 50 ਸਾਲ ਦਾ ਹੈ ਅਤੇ ਮੂਲ ਰੂਪ ਵਿੱਚ ਚੀਨ ਤੋਂ ਆਇਆ ਹੈ। ਉਹ 10 ਸਾਲ ਪਹਿਲਾਂ ਅਰਟੀਫਿਸ਼ਲ ਇੰਟੇਲਿਜੇਂਸ ਵਿੱਚ ਮਾਹਿਰ ਪ੍ਰੋਫੈਸਰ ਵਜੋਂ ਆਪਣਾ ਕਰੀਅਰ ਬਣਾਉਣ ਲਈ ਆਪਣੇ ਪਰਿਵਾਰ ਨਾਲ ਕੈਨੇਡਾ ਆ ਗਿਆ ਸੀ ਅਤੇ ਉਸ ਨੇ ਆਪਣੀ ਨਾਗਰਿਕਤਾ ਪ੍ਰਾਪਤ ਕਰ ਲਈ ਹੈ। ਉਸਦੀ ਸਾਲਾਨਾ ਆਮਦਨ $275,000 ਹੈ ਅਤੇ ਉਸਦੀ ਕੈਨੇਡਾ ਅਤੇ ਵਿਦੇਸ਼ਾਂ ਵਿੱਚ ਵੀ ਸੰਪਤੀ ਹੈ।

ਲਿਆਨ ਦੀ ਪ੍ਰਭਾਵੀ ਟੈਕਸ ਦਰ ਉੱਚੀ ਹੈ। ਉਸਨੇ ਆਪਣੇ ਰਜਿਸਟਰਡ ਰਿਟਾਇਰਮੈਂਟ ਸੇਵਿੰਗਜ਼ ਪਲਾਨ ਅਤੇ ਟੈਕਸ-ਮੁਕਤ ਬਚਤ ਖਾਤੇ ਵਿੱਚ ਪਹਿਲਾਂ ਹੀ ਵੱਧ ਤੋਂ ਵੱਧ ਰਕਮਾਂ ਦਾ ਯੋਗਦਾਨ ਪਾਇਆ ਹੈ ਅਤੇ ਉਸ ਕੋਲ ਵਾਧੂ ਤਰਲਤਾ ਹੈ। ਉਹ ਆਪਣੀ ਸੰਪਤੀਆਂ ਵਿਚ ਟੈਕਸ-ਲਾਭਦਾਇਕ ਢੰਗ ਨਾਲ ਭਿੰਨਤਾ ਲਿਆਉਣਾ ਚਾਹੁੰਦਾ ਹੈ ਅਤੇ ਆਪਣੀ ਸੰਪਤੀ ਦੀ ਰੱਖਿਆ ਕਰਨਾ ਚਾਹੁੰਦਾ ਹੈ ਤਾਂ ਜੋ ਉਸਤੋਂ ਬਾਅਦ ਉਸਦੀ ਦੌਲਤ ਉਸਦੇ ਪਿਆਰਿਆਂ ਨੂੰ ਟ੍ਰਾਂਸਫਰ ਹੋ ਸਕੇ। ਲਿਆਨ ਆਪਣੇ ਨਿਵੇਸ਼ ਦੇ ਮੁੱਲ ਨੂੰ ਜਿੰਨੀ ਜਲਦੀ ਹੋ ਸਕੇ ਮੁੜ ਪ੍ਰਾਪਤ ਕਰਨ ਨੂੰ ਬਹੁਤ ਮਹੱਤਵ ਦਿੰਦਾ ਹੈ।
ਆਪਣੇ ਸਲਾਹਕਾਰ ਨਾਲ ਇੱਕ ਮੀਟਿੰਗ ਵਿੱਚ ਉਸਨੂੰ ਇਹ ਜਾਣਕਾਰੀ ਮਿਲਦੀ ਹੈ ਕਿ ਕਿਵੇਂ iA PARWealth ਉਸਦੇ ਉਦੇਸ਼ਾਂ ਨੂੰ ਪੂਰਾ ਕਰ ਸਕਦਾ ਹੈ ਅਤੇ ਉਤਪਾਦ ਦੀ ਸ਼ਾਨਦਾਰ ਲਚਕਤਾ, ਜਿਸਤੇ ਉਸਨੂੰ ਖਾਸ ਤੌਰ 'ਤੇ ਭਰੋਸਾ ਹੈ, ਦੇ ਕਾਰਨ ਉਸਨੂੰ ਲਾਭ ਪ੍ਰਦਾਨ ਕਰ ਸਕਦਾ ਹੈ।

iA Financial Group

# iA PARWEALTH ਲਿਆਨ ਦੀ ਮੱਦਦ ਕਰਦਾ ਹੈ ਰਾਹ ਦੇ ਹਰ ਕਦਮ 'ਤੇ



ਮਰਦ - ਉਮਰ 50 - ਤਮਾਕੂਨੋਸ਼ੀ ਨਾ ਕਰਨ ਵਾਲੇ

## ਉਸਦੀ ਦੌਲਤ ਦੇ ਵਾਧੇ ਨੂੰ ਅਨੁਕੂਲ ਬਣਾਉਣਾ

### ਉਮਰ 50

ਜੀਵਨ ਬੀਮਾ ਦੀ ਰਕਮ
**$568,182**
20-ਸਾਲ ਦਾ ਭੁਗਤਾਨ

**ਸੁਝਾਅ**
ਵਿਦੇਸ਼ੀ ਸੰਪਤੀਆਂ ਦੀ ਮਾਨਤਾ ਹੋਣ ਕਰਕੇ, ਲਿਆਨ ਆਪਣੀਆਂ ਬੀਮੇ ਦੀਆਂ ਸਾਰੀਆਂ ਲੋੜਾਂ ਨੂੰ ਪੂਰਾ ਕਰ ਸਕਦਾ ਹੈ।

ਡਿਵਿਡੇਂਡ ਵਿਕਲਪ
**ਪੇਡ-ਅਪ ਐਡਿਸ਼ਨ (PUA)**

ਵਾਧੂ ਜਮ੍ਹਾਂ ਵਿਕਲਪ (ADO) ਵਿੱਚ ਯੋਗਦਾਨ ਸਾਲ 1*
**$10,000**

ਕੁੱਲ ਸਲਾਨਾ ਪ੍ਰੀਮਿਯਮ
**$25,000**
ਸਾਲ 1
**$35,000**

**ਸੁਝਾਅ**
ਵਾਧੂ ਡਿਪਾਜ਼ਿਟ ਵਿਕਲਪ (ADO) ਦੀ ਲਚਕਤਾ ਦੇ ਨਾਲ, ਪਾਲਿਸੀ ਨੂੰ ਖਰੀਦੇ ਜਾਣ 'ਤੇ ਲਿਆਨ $10,000 ਦੀ ਇੱਕ ਵਾਧੂ ਰਕਮ ਡਿਪਾਜ਼ਿਟ ਕਰ ਸਕਦਾ ਹੈ। ਆਪਣੀ ਤਰਲਤਾ ਦੇ ਮੁਤਾਬਕ, ਉਹ ਬੀਮਾਯੋਗਤਾ ਦੇ ਵਾਧੂ ਸਬੂਤ ਪੇਸ਼ ਕੀਤੇ ਬਿਨਾਂ ਬਰਾਬਰ ਜਾਂ ਘੱਟ ਰਕਮ ਲਈ ਇੱਕ ਅਨੁਕੂਲ ਸਮੇਂ 'ਤੇ ਇੱਕ ਨਵੀਂ ਰਕਮ ਜਮ੍ਹਾਂ ਕਰ ਸਕਦਾ ਹੈ।

### ਉਮਰ 55

ਕੁੱਲ ਨਕਦ ਸਰੈਂਡਰ ਮੂਲ
**$135,257**

**ਸੁਝਾਅ**
ਪੰਜਵੇਂ ਸਾਲ ਦੀ ਸ਼ੁਰੂਆਤ ਵਿੱਚ, ਲਿਆਨ ਕੋਲ ਉਸਦੇ ਨਿਵੇਸ਼ ਦੇ ਮੂਲ ਤੋਂ ਵੱਧ ਦੀ ਕੋਈ ਸੰਪਤੀ ਹੋ ਸਕਦੀ ਹੈ। ਸਿਰਫ਼ 5 ਸਾਲਾਂ ਬਾਅਦ, ਉਸਦੀ ਪਾਲਿਸੀ ਦਾ ਕੁੱਲ ਨਕਦ ਮੁੱਲ ਉਸਦੇ $135,000 ਦੇ ਸੰਚਤ ਪ੍ਰੀਮੀਅਮਾਂ ਤੋਂ ਵੱਧ ਹੋਵੇਗਾ।

### ਉਮਰ 70

ਕੁੱਲ ਨਕਦ ਸਰੈਂਡਰ ਮੂਲ
**$647,613**

ਜੀਵਨ ਬੀਮਾ ਦੀ ਕੁੱਲ ਰਕਮ
**$999,733**

**ਸੁਝਾਅ**
ਆਪਣੀ ਪਾਲਿਸੀ ਦੇ ਕੁੱਲ ਨਕਦ ਸਰੈਂਡਰ ਮੁੱਲ ਦੇ ਤੇਜ਼ੀ ਨਾਲ ਵਾਧੇ ਦੇ ਨਾਲ, ਲਿਆਨ ਆਪਣੀ ਦੌਲਤ ਵਿੱਚ ਵਾਧਾ ਕਰ ਸਕਦਾ ਹੈ ਅਤੇ ਇਸਨੂੰ ਸੁਰੱਖਿਅਤ ਰੱਖ ਸਕਦਾ ਹੈ। ਆਪਣੀਆਂ ਭਵਿੱਖ ਦੀਆਂ ਲੋੜਾਂ ਦੇ ਮੁਤਾਬਕ, ਉਹ ਆਪਣੀ ਰਿਟਾਇਰਮੈਂਟ ਆਮਦਨ ਦੀ ਪੂਰਤੀ ਕਰਨ ਲਈ ਆਪਣੀ ਪਾਲਿਸੀ ਨੂੰ ਕੋਲੈਟਰਲ ਵਜੋਂ ਵਰਤਣ ਦੀ ਚੋਣ ਕਰ ਸਕਦਾ ਹੈ। ਉਹ ਵਧੇਰੇ ਤਰਲਤਾ ਤੱਕ ਪਹੁੰਚ ਲਈ ਆਪਣੇ ਡਿਵਿਡੇਂਡ ਭੁਗਤਾਨ ਵਿਕਲਪ ਨੂੰ PUA ਤੋਂ ਨਕਦ ਭੁਗਤਾਨ ਵਿੱਚ ਬਦਲ ਸਕਦਾ ਹੈ।

## ਉਸਦੀ ਸੰਪਤੀ ਦਾ ਵਿਸਥਾਰ ਕਰਨਾ

### ਉਮਰ 85

ਜੀਵਨ ਬੀਮਾ ਦੀ ਕੁੱਲ ਰਕਮ
**$1,614,764**

**ਸੁਝਾਅ**
ਲਿਆਨ ਆਪਣੇ ਅਜ਼ੀਜ਼ਾਂ ਲਈ ਇੱਕ ਵੱਡੀ ਸੰਪਤੀ ਛੱਡ ਸਕਦਾ ਹੈ। ਕਿਉਂਕਿ ਮੌਤ ਤੇ ਹੋਣ ਵਾਲਾਂ ਲਾਭ ਟੈਕਸਯੋਗ ਨਹੀਂ ਹੈ, ਤਾਂ iA PARWealth ਨੂੰ ਟੈਕਸ-ਲਾਭਕਾਰੀ ਹੱਲ ਵਜੋਂ ਦੇਖਿਆ ਜਾ ਸਕਦਾ ਹੈ। 85 ਸਾਲ ਦੀ ਉਮਰ 'ਤੇ, $1,614,764 ਦੇ ਟੈਕਸ-ਮੁਕਤ ਮੌਤ ਹੋਣ ਤੇ ਲਾਭ ਦਾ ਨਤੀਜਾ 4.46% ਦੀ ਅੰਦਰੂਨੀ ਦਰ ਨਾਲ ਹੁੰਦਾ ਹੈ।50% ਟੈਕਸ ਦਰ ਦੇ ਅਧੀਨ ਇੱਕ ਵਿਕਲਪਿਕ ਸਥਿਰ ਆਮਦਨੀ ਨਿਵੇਸ਼ ਦੇ ਨਾਲ ਉਸਦੀ ਜਾਇਦਾਦ ਲਈ ਬਰਾਬਰ ਦੀ ਰਕਮ ਪ੍ਰਾਪਤ ਕਰਨ ਲਈ, 8.92% ਦੇ ਵਾਪਸੀ ਦੇ ਦਰ ਦੀ ਲੋੜ ਹੋਵੇਗੀ।

| | ਉਮਰ 51 | ਉਮਰ 55 | ਉਮਰ 60 | ਉਮਰ 70 | ਉਮਰ 85 |
|---|---|---|---|---|---|
| ਕੁੱਲ ਜੀਵਨ ਬੀਮਾ ਰਕਮ | **$596,718** | **$643,758** | **$735,011** | **$999,733** | **$1,614,764** |
| ਗਰੰਟੀਸ਼ੁਦਾ ਪਾਲਿਸੀ ਨਕਦ ਸਰੈਂਡਰ ਮੁੱਲ | $15,623 | $102,791 | $212,653 | $369,529 | $496,656 |
| ਕੁੱਲ ਪਾਲਿਸੀ ਨਕਦ ਸਰੈਂਡਰ ਮੁੱਲ | $26,415 | $135,257 | $295,914 | $647,613 | $1,369,502 |

*ADO ਵਿੱਚ ਯੋਗਦਾਨ ਕਰਨ ਲਈ PUA ਡਿਵਿਡੇਂਡ ਵਿਕਲਪ ਦੀ ਲੋੜ ਹੁੰਦੀ ਹੈ।

ਇਸ ਦਸਤਾਵੇਜ਼ ਵਿੱਚ ਦਰਸ਼ਾਇਆ ਗਿਆ ਕੇਸ ਕਾਲਪਨਿਕ ਹੈ ਅਤੇ ਦਿਖਾਈ ਗਈ ਜਾਣਕਾਰੀ ਸਿਰਫ ਵਿਆਖਿਆਤਮਕ ਉਦੇਸ਼ਾਂ ਲਈ ਹੈ।ਅਨੁਮਾਨ ਮੌਜੂਦਾ 2021 ਡਿਵਿਡੇਂਡ ਸਕੇਲ 'ਤੇ ਅਧਾਰਤ ਹਨ, ਇਹ ਮੰਨਦੇ ਹੋਏ ਕਿ ਪਾਲਿਸੀ ਦੀ ਪੂਰੀ ਮਿਆਦ ਦੌਰਾਨ ਪੈਮਾਨਾ ਬਦਲਿਆ ਨਹੀਂ ਜਾਂਦਾ ਹੈ, ਅਤੇ ਇਹ ਮੰਨਦੇ ਹੋਏ ਕਿ ਪੇਡ-ਅੱਪ ਐਡੀਸ਼ਨ ਵਿਕਲਪ ਨੂੰ ਪੂਰੀ ਮਿਆਦ ਦੌਰਾਨ ਬਰਕਰਾਰ ਰੱਖਿਆ ਜਾਂਦਾ ਹੈ ਅਤੇ ਕੋਈ ਪਾਲਿਸੀ ਨਕਦ ਮੁੱਲ ਵਾਪਸ ਨਹੀਂ ਲਿਆ ਜਾਂਦਾ ਹੈ। ਸਲਾਨਾ ਡਿਵਿਡੇਂਡ ਰਕਮਾਂ ਦੀ ਗਰੰਟੀ ਨਹੀਂ ਹੁੰਦੀ ਹੈ।

## iA Financial Group – ਇੱਕ ਮਜਬੂਤ, ਭਰੋਸੇਯੋਗ ਕੰਪਨੀ ਹੈ।

ਬੀਮਾ ਅਤੇ ਦੌਲਤ ਪ੍ਰਬੰਧਨ ਦੇ ਕਾਰੋਬਾਰਾਂ ਵਿੱਚ 125 ਸਾਲਾਂ ਦੇ ਇਤਿਹਾਸ ਦੇ ਨਾਲ iA Financial Group ਇੱਕ ਅਜਿਹਾ ਨਾਮ ਹੈ ਜੋ ਆਪਣੇ ਗਾਹਕਾਂ ਲਈ ਵਿਸ਼ਵਾਸ ਨੂੰ ਪ੍ਰੇਰਿਤ ਕਰਦਾ ਹੈ। 1892 ਵਿੱਚ ਸਥਾਪਿਤ ਗਾਹਕਾਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ iA ਹਮੇਸ਼ਾਂ ਆਪਣੇ ਅਭਿਆਸਾਂ ਅਤੇ ਉਤਪਾਦਾਂ ਦੀ ਪੇਸ਼ਕਸ਼ ਨੂੰ ਬਦਲਦੀ ਮਾਰਕੀਟ ਦੀਆਂ ਜ਼ਰੂਰਤਾਂ ਦੇ ਅਨੁਕੂਲ ਬਣਾਉਣ ਵਿੱਚ ਸਫਲ ਰਹੀ ਹੈ।

ਸਾਡਾ ਉਦੇਸ਼ ਸਾਡੇ ਗਾਹਕਾਂ ਨੂੰ ਉਨ੍ਹਾਂ ਦੇ ਨਿੱਜੀ ਟੀਚਿਆਂ ਨੂੰ ਪ੍ਰਾਪਤ ਕਰਨ ਵਿੱਚ ਸਹਾਇਤਾ ਲਈ ਉਨ੍ਹਾਂ ਨੂੰ ਨਿੱਜੀ ਬੀਮਾ ਕਵਰੇਜ ਅਤੇ ਨਿਵੇਸ਼ ਦੇ ਹੱਲ ਪੇਸ਼ ਕਰਕੇ ਉਨ੍ਹਾਂ ਦੀ ਵਿੱਤੀ ਭਲਾਈ ਨੂੰ ਯਕੀਨੀ ਬਣਾਉਣਾ ਹੈ।



F13-1075PU-5 ACC

**INVESTED IN YOU.**

iA Financial Group, **Industrial Alliance Insurance ਅਤੇ Financial Services Inc.** ਦੇ ਵਪਾਰ ਦਾ ਨਾਮ ਅਤੇ ਟ੍ਰੇਡਮਾਰਕ ਹੈ।

1-844-442-4636

**ia.ca**